# ਜਮਾਤ: ਦਸਵੀਂ
# ਪੰਜਾਬੀ - ਬੀ
## ਟਰਮ-2 (ਫਰਵਰੀ-ਮਾਰਚ, 2022)
# 2021-2022

ਸਮਾਂ: 3 ਘੰਟੇ ਲਿਖਤੀ= 35 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 2 |
| 2. | ਲੇਖ (ਪਹਿਲੇ ਨੌਂ (9) ਲੇਖ ਛੱਡ ਕੇ ਬਾਕੀ ਸਾਰੇ ਲੇਖ ਸ਼ਾਮਲ ਹੋਣਗੇ; ਅਭਿਆਸ ਵਿੱਚੋਂ ਕੇਵਲ ਜੀਵਨੀਆਂ), ਪੱਤਰ (ਨਮੂਨੇ ਦੇ 8 ਤੋਂ 14 ਤੱਕ, ਅਭਿਆਸੀ 6 ਤੋਂ 10 ਤੱਕ), ਸੰਖੇਪ ਰਚਨਾ (4 ਤੋਂ 6; ਅਭਿਆਸੀ 4 ਤੋਂ 5 ਤੱਕ), ਅਣਡਿੱਠਾ ਪੈਰਾ (3 ਤੋਂ 4 ਤੱਕ; ਅਭਿਆਸੀ 4 ਤੋਂ 5 ਤੱਕ), ਮੁਹਾਵਰੇ ('ਧ' ਤੋਂ ਲੈ ਕੇ ਪੁਸਤਕ ਵਿੱਚ ਸ਼ਾਮਲ ਸਾਰੇ ਮੁਹਾਵਰੇ)। | 16 |
| 3. | ਵਿਸਰਾਮ-ਚਿੰਨ੍ਹ, ਵਿਆਕਰਨ ਦੀ ਪਰਿਭਾਸ਼ਾ, ਭਾਸ਼ਾ ਅਤੇ ਪੰਜਾਬੀ ਭਾਸ਼ਾ, ਧੁਨੀ ਅਤੇ ਪੰਜਾਬੀ ਧੁਨੀਆਂ (ਕੇਵਲ ਸਵਰ ਤੇ ਨਾਸਕੀ ਸਵਰ), ਲਿਪੀ ਅਤੇ ਗੁਰਮੁਖੀ ਲਿਪੀ (ਕੇਵਲ ਮੁਕਤਾ, ਲਗਾਂ-ਮਾਤਰਾਂ ਤੇ ਲਗਾਖਰ), ਸ਼ਬਦ-ਬੋਧ (ਨਾਂਵ, ਪੜਨਾਂਵ, ਵਚਨ, ਲਿੰਗ, ਕਾਲ: ਕਿਸਮਾਂ, ਉਪ-ਭੇਦ ਤੇ ਵਾਕ ਦਾ ਕਾਲ ਬਦਲਣਾ)। | 10 |
| 4. | ਅਰਥ-ਬੋਧ (ਬਹੁਅਰਥਕ ਤੇ ਸਮਾਨਾਰਥਕ ਸ਼ਬਦ) | 7 |
| | ਕੁੱਲ ਅੰਕ | 35 |

**ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

# ਜਮਾਤ: ਦਸਵੀਂ
## ਪੰਜਾਬੀ-ਬੀ
## ਟਰਮ-2 (ਫਰਵਰੀ-ਮਾਰਚ, 2022)
# 2021-2022
## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਲਿਖਤੀ= 35 ਅੰਕ

ਨੋਟ:

1. 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।
2. ਪ੍ਰਸ਼ਨ-ਪੱਤਰ ਦੇ ਕੁੱਲ 9 ਪ੍ਰਸ਼ਨ ਹੋਣਗੇ।
3. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਵਿਸ਼ੇਸ਼ ਹਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਪ੍ਰਸ਼ਨ ਨੰ: 1** ਇਹ ਪ੍ਰਸ਼ਨ **ਸੁੰਦਰ ਲਿਖਾਈ** ਦੇ ਅੰਕਾਂ ਲਈ ਰਾਖਵਾਂ ਹੋਵੇਗਾ। 2 **ਅੰਕ**

**ਪ੍ਰਸ਼ਨ ਨੰ: 2 ਵਸਤੂਨਿਸ਼ਠ ਪ੍ਰਸ਼ਨ:** **5 ਅੰਕ**

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਦੋ ਪ੍ਰਸ਼ਨ **2*1=2 ਅੰਕ**

(ਅ) ਸਹੀ/ਗ਼ਲਤ ਵਾਲੇ 2 ਕਥਨ **2*1=2 ਅੰਕ**

(ਸ) ਖ਼ਾਲੀ ਥਾਵਾਂ ਭਰੋ ਦਾ ਇੱਕ ਕਥਨ (ਦੋ ਆਪਸ਼ਨਾਂ ਸਮੇਤ) **1*1= 1 ਅੰਕ**

ਇਹ ਵਸਤੂਨਿਸ਼ਠ ਪ੍ਰਸ਼ਨ ਨਿਰਧਾਰਿਤ ਪਾਠ-ਪੁਸਤਕ ਦੇ ਵਿਆਕਰਨ ਦੀ ਪਰਿਭਾਸ਼ਾ, ਭਾਸ਼ਾ ਅਤੇ ਪੰਜਾਬੀ ਭਾਸ਼ਾ, ਧੁਨੀ ਅਤੇ ਪੰਜਾਬੀ ਧੁਨੀਆਂ (ਕੇਵਲ ਵਿਅੰਜਨ ਧੁਨੀਆਂ), ਲਿਪੀ ਅਤੇ ਗੁਰਮੁਖੀ ਲਿਪੀ (ਕੇਵਲ ਲਗਾਂ-ਮਾਤਰਾਂ), ਸ਼ਬਦ-ਭੇਦ, ਅਰਥ-ਬੋਧ (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਵਿਰੋਧਾਰਥਕ ਸ਼ਬਦ) ਵਿੱਚੋਂ ਹੋਣਗੇ।

**ਪ੍ਰਸ਼ਨ ਨੰ:3** ਕੋਈ **ਤਿੰਨ** ਵਿਸ਼ੇ ਦੇ ਕੇ **ਇੱਕ** ਉੱਤੇ ਲਗਪਗ 150 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇਗਾ। ਵਿਸ਼ਾ-ਵਸਤੂ ਦੇ 2 ਅੰਕ ਅਤੇ ਪ੍ਰਗਟਾਅ ਦੇ 4 ਅੰਕ ਹਨ। **2+4=06 ਅੰਕ**

**ਪ੍ਰਸ਼ਨ ਨੰ:4** ਕੋਈ ਦੋ ਵਿਸ਼ੇ ਦੇ ਕੇ ਕਿਸੇ **ਇੱਕ** 'ਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। ਅਰੰਭ ਦਾ 1, ਮੱਧ ਦੇ 3 ਅਤੇ ਅੰਤ ਦਾ 1 ਅੰਕ ਹੈ। **1+3+1= 5 ਅੰਕ**

**ਪ੍ਰਸ਼ਨ ਨੰ:5** ਲਗਪਗ 100 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਸਿਰਲੇਖ ਵੀ ਲਿਖਣਾ ਹੋਵੇਗਾ। ਸਿਰਲੇਖ ਦਾ 1 ਅਤੇ ਸੰਖੇਪ ਰਚਨਾ ਦੇ 3 ਅੰਕ ਹਨ। **1+3=4 ਅੰਕ**

**ਪ੍ਰਸ਼ਨ ਨੰ:6** ਇੱਕ ਅਣਡਿੱਠਾ ਪੈਰਾ ਦੇ ਕੇ ਉਸ ਦੇ ਵਿਸ਼ੇ-ਵਸਤੂ ਬਾਰੇ **ਤਿੰਨ** ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੈ। **1*3= 3 ਅੰਕ**

**ਪ੍ਰਸ਼ਨ ਨੰ:7** ਪਾਠ-ਪੁਸਤਕ ਦੇ **ਪੰਜ** ਮੁਹਾਵਰੇ ਦੇ ਕੇ ਕੋਈ **ਤਿੰਨ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣਾ ਕਿ ਅਰਥ ਸਪੱਸ਼ਟ ਹੋ ਜਾਣ। ਹਰੇਕ ਦਾ 2 ਅੰਕ ਹੋਵੇਗਾ। **2*3= 6 ਅੰਕ**

**ਪ੍ਰਸ਼ਨ ਨੰ:8** ਪਾਠ-ਪੁਸਤਕ ਵਿੱਚੋਂ ਚਾਰ ਵਾਕ (ਜਿੰਨ੍ਹਾਂ ਵਿੱਚ ਕੇਵਲ ਦੋ ਵਿਸਰਾਮ-ਚਿੰਨ੍ਹ ਹੀ ਲਗ ਸਕਦੇ ਹੋਣ) ਦੇ ਕੇ ਕੋਈ **ਦੋ** ਵਾਕਾਂ ਦੇ ਢੁਕਵੇਂ ਵਿਸਰਾਮ-ਚਿੰਨ੍ਹ ਲਗਾਉਣੇ। **½ *4= 2 ਅੰਕ**

**ਪ੍ਰਸ਼ਨ ਨੰ:9** ਕੋਈ ਦੋ ਵਾਕ ਦੇ ਕੇ ਕਿਸੇ **ਇੱਕ** ਵਾਕ ਵਿਚਲੇ ਨਾਂਵ, ਪੜਨਾਂਵ, ਸ਼ਬਦਾਂ ਦੇ ਵਚਨ ਅਤੇ ਲਿੰਗ ਬਦਲ ਕੇ ਵੱਖਰੇ-ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। ਹਰੇਕ ਸਹੀ ਵਾਕ ਦਾ 1 ਅੰਕ ਹੋਵੇਗਾ। **1*2= 2 ਅੰਕ**

**ਨਿਰਧਾਰਿਤ ਪਾਠ-ਪੁਸਤਕਾਂ: ਸਾਹਿਤ-ਮਾਲ਼ਾ-10, ਵੰਨਗੀ:-10, ਇੱਕ ਹੋਰ ਨਵਾਂ ਸਾਲ (ਨਾਵਲ) ,ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**